# ਜਮਾਤ-ਦਸਵੀਂ

## ਪੰਜਾਬੀ –ਏ

# 2022-2023

ਸਮਾਂ: 3 ਘੰਟੇ

ਲਿਖਤੀ= 65 ਅੰਕ

ਆਂਤਰਿਕ ਮੁਲਾਂਕਣ= 10 ਅੰਕ

ਕੁੱਲ ਅੰਕ= 75 ਅੰਕ

## ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | ਸੁੰਦਰ ਲਿਖਾਈ | 05 |
| 2. | **ਸਾਹਿਤ-ਮਾਲ਼ਾ:10**<br>ਪ੍ਰਸੰਗ ਸਹਿਤ ਵਿਆਖਿਆ,ਕੇਂਦਰੀ ਭਾਵ,ਵਾਰਤਕ ਲੇਖ,ਅਭਿਆਸੀ ਪ੍ਰਸ਼ਨ | 28 |
| 3. | **ਵੰਨਗੀ:10**<br>ਕਹਾਣੀ ਦਾ ਸਾਰ,ਅਭਿਆਸੀ ਪ੍ਰਸ਼ਨ,ਇਕਾਂਗੀ 'ਚੋਂ ਪਾਤਰ-ਚਿਤਰਨ,ਇਕਾਂਗੀ 'ਚੋਂ ਵਾਰਤਾਲਾਪ ਆਧਾਰਿਤ ਪ੍ਰਸ਼ਨ | 21 |
| 4. | **ਇੱਕ ਹੋਰ ਨਵਾਂ ਸਾਲ (ਨਾਵਲ) :**<br>ਪਾਤਰ-ਚਿਤਰਨ,ਵਾਰਤਾਲਾਪ ਆਧਾਰਿਤ ਪ੍ਰਸੰਗ ਸਹਿਤ ਵਿਆਖਿਆ | 11 |
| | ਕੁੱਲ ਅੰਕ | 65 |

## ਪਾਠ-ਕ੍ਰਮ

**1. ਪਾਠ-ਪੁਸਤਕ : ਸਾਹਿਤ-ਮਾਲਾ: 10**

**(i) ਇਸ ਪੁਸਤਕ ਦੇ ਕਵਿਤਾ ਭਾਗ ਵਿੱਚੋਂ ਹੇਠ ਲਿਖੀਆਂ ਕਾਵਿ-ਧਾਰਾਵਾਂ ਸ਼ਾਮਲ ਹਨ:**

(ੳ) ਗੁਰਮਤਿ ਕਾਵਿ (ਅ) ਸੂਫ਼ੀ-ਕਾਵਿ (ੲ) ਕਿੱਸਾ- ਕਾਵਿ

(ਸ) ਬੀਰ - ਕਾਵਿ

ਇਸ ਭਾਗ ਵਿੱਚੋਂ ਤਿੰਨ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ

- ਦੋ ਪ੍ਰਸ਼ਨ ਵਸਤੂਨਿਸ਼ਠ ਕਿਸਮ (Objective type) ਦੇ ਹੋਣਗੇ
- ਇੱਕ ਪ੍ਰਸ਼ਨ ਪ੍ਰਸੰਗ ਸਹਿਤ ਵਿਆਖਿਆ ਬਾਰੇ ਹੋਵੇਗਾ।
- ਇੱਕ ਪ੍ਰਸ਼ਨ ਕਵਿਤਾ ਦੇ ਕੇਂਦਰੀ ਭਾਵ/ਸਾਰ ਬਾਰੇ ਹੋਵੇਗਾ।

**(ii) ਇਸ ਪੁਸਤਕ ਦੇ ਵਾਰਤਕ ਭਾਗ ਵਿੱਚ ਹੇਠ ਲਿਖੇ ਲੇਖ ਸ਼ਾਮਲ ਹਨ:**

(ੳ) ਰਬਾਬ ਮੰਗਾਉਣ ਦਾ ਬਿਰਤਾਂਤ (ਅ) ਘਰ ਦਾ ਪਿਆਰ (ੲ) ਸ਼ੈਲੀ

(ਸ) ਪ੍ਰਾਰਥਨਾ (ਹ) ਬਾਬਾ ਰਾਮ ਸਿੰਘ ਕੂਕਾ (ਕ) ਮਹਾਂਕਵੀ ਕਾਲੀਦਾਸ

(ਖ) ਮੇਰੇ ਵੱਡੇ ਵਡੇਰੇ (ਗ) ਤੁਰਨ ਦਾ ਹੁਨਰ

ਇਸ ਭਾਗ ਵਿੱਚੋਂ ਤਿੰਨ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ

- ਦੋ ਪ੍ਰਸ਼ਨ ਵਸਤੂਨਿਸ਼ਠ ਕਿਸਮ (Objective type) ਦੇ ਹੋਣਗੇ।
- ਇੱਕ ਪ੍ਰਸ਼ਨ ਲੇਖ ਦੇ ਸਾਰ ਬਾਰੇ ਹੋਵੇਗਾ।
- ਪਾਠ-ਅਭਿਆਸਾਂ ਵਿੱਚੋਂ ਦੋ ਪ੍ਰਸ਼ਨ ਛੋਟੇ ਉੱਤਰਾਂ ਵਾਲੇ ਹੋਣਗੇ।

**2. ਪਾਠ-ਪੁਸਤਕ: ਵੰਨਗੀ : 10**

**(i) ਇਸ ਪੁਸਤਕ ਦੇ ਵਿੱਚ ਹੇਠ ਲਿਖੀਆਂ ਕਹਾਣੀਆਂ ਸ਼ਾਮਲ ਹਨ:**

(ੳ) ਕੁਲਫ਼ੀ (ਅ) ਮੜ੍ਹੀਆਂ ਤੋਂ ਦੂਰ (ੲ) ਅੰਗ ਸੰਗ

(ਸ) ਬੰਮ ਬਹਾਦਰ (ਹ) ਬਾਗ਼ੀ ਦੀ ਧੀ (ਕ) ਧਰਤੀ ਹੇਠਲਾ ਬਲਦ

(ਖ) ਇੱਕ ਪੈਰ ਘੱਟ ਤੁਰਨਾ

ਇਸ ਭਾਗ ਵਿੱਚੋਂ ਤਿੰਨ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ:

- ਦੋ ਪ੍ਰਸ਼ਨ ਵਸਤੂਨਿਸ਼ਠ ਕਿਸਮ (Objective type) ਦੇ ਹੋਣਗੇ।
- ਇੱਕ ਪ੍ਰਸ਼ਨ ਕਹਾਣੀ ਦੇ ਸਾਰ ਨਾਲ਼ ਸੰਬੰਧਿਤ ਹੋਵੇਗਾ।
- ਪਾਠ - ਅਭਿਆਸਾਂ ਵਿੱਚੋਂ ਚਾਰ ਪ੍ਰਸ਼ਨ ਦੇ ਕੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।

**(ii) ਇਸ ਪੁਸਤਕ ਵਿੱਚ ਹੇਠ ਲਿਖੇ ਇਕਾਂਗੀ ਸ਼ਾਮਲ ਹਨ:**

(ੳ) ਬੰਬ ਕੇਸ (ਅ) ਨਾਇਕ (ੲ) ਸਮੁੰਦਰੋਂ ਪਾਰ

(ਸ) ਜ਼ਫ਼ਰਨਾਮਾ (ਹ) ਦੂਜਾ ਵਿਆਹ

ਇਸ ਭਾਗ ਵਿੱਚੋਂ ਤਿੰਨ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ

- ਦੋ ਪ੍ਰਸ਼ਨ ਵਸਤੂਨਿਸ਼ਠ (Objective type) ਕਿਸਮ ਦੇ ਹੋਣਗੇ।
- ਇੱਕ ਪ੍ਰਸ਼ਨ ਪਾਤਰ- ਚਿਤਰਨ ਬਾਰੇ ਹੋਵੇਗਾ।

- ਦੋ ਵਾਰਤਾਲਾਪ ਦੇ ਕੇ ਵਿੱਚ ਜਾਂ ਪਾ ਕੇ ਹੇਠਾਂ ਦਿੱਤੇ ਤਿੰਨ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਕਿਹਾ ਜਾਵੇਗਾ।

**3. ਪਾਠ-ਪੁਸਤਕ: ਇੱਕ ਹੋਰ ਨਵਾਂ ਸਾਲ (ਨਾਵਲ)**

ਇਸ ਭਾਗ ਵਿੱਚੋਂ ਤਿੰਨ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ:

- ਦੋ ਪ੍ਰਸ਼ਨ ਵਸਤੂਨਿਸ਼ਠ ਕਿਸਮ (Objective type) ਦੇ ਹੋਣਗੇ।
- ਇੱਕ ਪ੍ਰਸ਼ਨ ਪਾਤਰ- ਚਿਤਰਨ ਨਾਲ ਸੰਬੰਧਿਤ ਹੋਵੇਗਾ।
- ਇੱਕ ਪ੍ਰਸ਼ਨ ਵਾਰਤਾਲਾਪ ਦੇ ਪ੍ਰਸੰਗ ਨਾਲ ਸੰਬੰਧਿਤ ਹੋਵੇਗਾ

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ ਕੁੱਲ ਅੰਕ (ਲਿਖਤੀ)=65

ਨੋਟ:

(1) 05 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-65 ਵਿੱਚ ਹੀ ਰਾਖਵੇਂ ਹਨ।ਸੁੰਦਰ ਲਿਖਾਈ ਵਿੱਚ ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ,ਲਿਖਣ ‘ਚ ਇਕਸਾਰਤਾ,ਪ੍ਰਵਾਹਯੁਕਤ ਲੇਖਨ , ਸ਼ਬਦ-ਜੋੜ ਸ਼ੁੱਧਤਾ,ਸੁੰਦਰ ਸ਼ਬਦ-ਬਣਤਰ,ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ ‘ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ।

(2) ਪ੍ਰਸ਼ਨ-ਪੱਤਰ ਦੇ ਕੁੱਲ 12 ਪ੍ਰਸ਼ਨ ਹੋਣਗੇ। ਪ੍ਰਸ਼ਨ ਨੰ. 1 ਸੁੰਦਰ ਲਿਖਾਈ ਲਈ ਰਾਖਵਾਂ ਹੋਵੇਗਾ।

(3) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

**ਪੇਪਰ- ਸੈੱਟਰ ਲਈ ਵਿਸ਼ੇਸ਼ ਹਿਦਾਇਤਾਂ**

ਪ੍ਰਸ਼ਨ 1 ਇਹ ਪ੍ਰਸ਼ਨ ਵਸਤੂਨਿਸ਼ਠ ਕਿਸਮ ਦਾ ਹੋਵੇਗਾ।

(ੳ) ਸਾਹਿਤ-ਮਾਲਾ:1੦ ਪੁਸਤਕ ਦੇ ਨਿਰਧਾਰਿਤ ਕਾਵਿ ਧਾਰਾਵਾਂ ਵਿੱਚੋਂ 2 ਪ੍ਰਸ਼ਨ ਅਤੇ ਵਾਰਤਕ ਭਾਗ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ।

(ਅ) ਵੰਨਗੀ:1੦ ਪੁਸਤਕ ਦੇ ਕਹਾਣੀ ਭਾਗ ਵਿੱਚੋਂ 2 ਪ੍ਰਸ਼ਨ ਅਤੇ ਇਕਾਂਗੀ ਭਾਗ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ।

(ੲ) ਨਾਵਲ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ।

(ਇਹ ਸਾਰੇ ਪ੍ਰਸ਼ਨ 1+1 ਨੰਬਰ ਦੇ ਹੋਣਗੇ) **4+4+2= 1੦**

ਪ੍ਰਸ਼ਨ 2 ਗੁਰਮਿਤ-ਕਾਵਿ, ਸੂਫ਼ੀ - ਕਾਵਿ, ਕਿੱਸਾ - ਕਾਵਿ ਅਤੇ ਬੀਰ - ਕਾਵਿ ਵਿੱਚੋਂ 4 ਕਾਵਿ-ਟੋਟੇ ਦੇ ਕੇ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਲਿਖਣ ਲਈ ਕਿਹਾ ਜਾਵੇਗਾ। ਪ੍ਰਸੰਗ ਦੇ 2 ਅੰਕ ਅਤੇ ਵਿਆਖਿਆ ਦੇ 3 ਅੰਕ ਹੋਣਗੇ। **5+5=1੦**

ਪ੍ਰਸ਼ਨ 3 ਕੋਈ ਦੋ ਕਾਵਿ-ਰਚਨਾਵਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ-ਭਾਵ/ ਸਾਰ (ਦੋਵੇਂ ਪੱਖਾਂ ਵਿੱਚੋਂ ਇੱਕ) ਲਗ-ਪਗ 4੦ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 4

ਪ੍ਰਸ਼ਨ 4 ਸਾਹਿਤ-ਮਾਲਾ:1੦ ਪਾਠ-ਪੁਸਤਕ ਦੇ ਲੇਖਾਂ ਵਿੱਚੋਂ ਦੋ ਲੇਖ ਦੇ ਕੇ, ਉਹਨਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 15੦ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 6

ਪ੍ਰਸ਼ਨ 5 ਲੇਖਾਂ ਦੇ ਅੰਤ ਵਿੱਚ ਦਿੱਤੇ ਅਭਿਆਸਾਂ ਵਿੱਚੋਂ ਚਾਰ ਪ੍ਰਸ਼ਨ ਦੇ ਕੇ, ਦੋ ਪ੍ਰਸ਼ਨਾਂ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 2+2=4

ਪ੍ਰਸ਼ਨ 6 ਵੰਨਗੀ : 1੦ ਪੁਸਤਕ ਵਿੱਚੋਂ ਕੋਈ ਦੋ ਕਹਾਣੀਆਂ ਦੇ ਕੇ, ਕਿਸੇ ਇੱਕ ਦਾ ਸਾਰ ਲਗ-ਪਗ 15੦ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 5

ਪ੍ਰਸ਼ਨ 7 ਕਹਾਣੀਆਂ ਦੇ ਪਾਠ - ਅਭਿਆਸਾਂ ਵਿੱਚੋਂ ਚਾਰ ਪ੍ਰਸ਼ਨ ਦੇ ਕੇ, ਕਿਸੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 2+2=4

ਪ੍ਰਸ਼ਨ 8 ਇਕਾਂਗੀਆਂ ਵਿੱਚੋਂ ਦੋ ਪਾਤਰ ਦੇ ਕੇ, ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 5

ਪ੍ਰਸ਼ਨ 9 ਇਕਾਂਗੀਆਂ ਵਿੱਚੋਂ ਕੋਈ ਦੋ ਵਾਰਤਾਲਾਪ ਦੇ ਕੇ (ਵਿੱਚ ਜਾਂ ਪਾ ਕੇ), ਹੇਠਾਂ ਦਿੱਤੇ ਤਿੰਨ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਤਿੰਨੇ ਪ੍ਰਸ਼ਨ ਇੱਕ-ਇੱਕ ਅੰਕ ਦੇ ਹੋਣਗੇ। **1+1+1=3**

ਪ੍ਰਸ਼ਨ 1੦ ਨਾਵਲ ਵਿੱਚੋਂ ਕੋਈ ਤਿੰਨ ਪਾਤਰ ਦੇ ਕੇ ਕਿਸੇ ਇੱਕ ਦਾ ਪਾਤਰ ਚਿਤਰਨ ਲਗ-ਪਗ 15੦ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 6

ਪ੍ਰਸ਼ਨ 11 ਨਾਵਲ ਵਿੱਚੋਂ ਦੋ ਵਾਰਤਾਲਾਪ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 4੦ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। ਪ੍ਰਸੰਗ ਦਾ 1 ਅੰਕ ਅਤੇ ਵਿਆਖਿਆ ਦੇ 2 ਅੰਕ ਹਨ।

**1+2=3**

## ਆਂਤਰਿਕ ਮੁਲਾਂਕਣ: 10 ਅੰਕ

### ਆਂਤਰਿਕ ਮੁਲਾਂਕਣ ਦੀਆਂ ਹਿਦਾਇਤਾਂ ਅਤੇ ਅੰਕ-ਵੰਡ

| ਲੜੀ ਨੰ. | ਆਂਤਰਿਕ ਮੁਲਾਂਕਣ ਦੀ ਰੂਪ-ਰੇਖਾ | ਅੰਕ |
|---|---|---|
| 1. | **ਪ੍ਰੋਜੈਕਟ: ਵੰਨਗੀ**:10 ਪੁਸਤਕ ਦੇ ਆਧਾਰ 'ਤੇ ਵਿਸ਼ਾ-ਸਮੱਗਰੀ ਨਾਲ ਸੰਬੰਧਿਤ ਹੇਠ ਲਿਖੇ ਪ੍ਰੋਜੈਕਟ ਬਣਾ ਕੇ ਸੰਬੰਧਿਤ ਵਿਸ਼ਾ-ਅਧਿਆਪਕ ਕੋਲ ਮੁਲਾਂਕਣ ਲਈ ਜਮ੍ਹਾਂ ਕਰਵਾਏ ਜਾਣਗੇ:<br>1. 01 ਚਾਰਟ<br>2. 01 ਸਕਰੈਪ ਬੁੱਕ (ਸੰਬੰਧਿਤ ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਆਦਿ ਦੀ ਸਮੱਗਰੀ ਵਾਲੀ)<br>3. 01 ਮਾਡਲ ਦਾ ਨਿਰਮਾਣ | **05 ਅੰਕ**(1+2+2)<br>1 ਅੰਕ<br>2 ਅੰਕ<br>2 ਅੰਕ |
| 2. | **ਭਾਸ਼ਾਈ ਸਮਰਥਾ** (ਸ਼ੁੱਧ ਉਚਾਰਨ/ਬੋਲਣ-ਯੋਗਤਾ):<br>**ਸਾਹਿਤ-ਮਾਲ਼ਾ**:10 ਵਾਲੇ ਭਾਗ ਨਾਲ ਸੰਬੰਧਿਤ। | 02 ਅੰਕ |
| 3. | **ਭਾਸ਼ਾਈ ਸਮਰਥਾ** (ਸਰਵਣ/ਸੁਣਨ-ਯੋਗਤਾ):<br>**ਸਾਹਿਤ-ਮਾਲ਼ਾ**:10 ਵਾਲੇ ਭਾਗ ਨਾਲ ਸੰਬੰਧਿਤ। | 02 |
| 4. | **ਪੁਸਤਕ ਬੈਂਕ/ਬੁੱਕ-ਬੈਂਕ:**<br>ਸੰਬੰਧਿਤ ਵਿਸ਼ੇ ਦੀਆਂ ਪੁਸਤਕਾਂ ਦੇ ਬੁੱਕ-ਬੈਂਕ ਵਿੱਚ ਯੋਗਦਾਨ ਪਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੇ ਆਧਾਰ 'ਤੇ ਇਹ ਅੰਕ ਸੰਬੰਧਿਤ ਵਿਸ਼ਾ-ਅਧਿਆਪਕ ਵੱਲੋਂ ਦਿੱਤੇ ਜਾਣਗੇ। | 01 |
| | | |
| | ਕੁੱਲ ਅੰਕ | 10 |

**ਨਿਰਧਾਰਿਤ ਪਾਠ-ਪੁਸਤਕ:**

**1.ਸਾਹਿਤ-ਮਾਲ਼ਾ**:10

**2.ਵੰਨਗੀ**:10

**3.ਇੱਕ ਹੋਰ ਨਵਾਂ ਸਾਲ (ਨਾਵਲ)**

**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**